**Theatr Iolo** ਹੈਦਰਾਬਾਦ ਚਿਲਡਰਨਜ਼ ਥੀਏਟਰ ਫੈਸਟੀਵਲ ਦੇ ਨਾਲ ਇੱਕ ਨਵੇਂ ਸਹਿਯੋਗੀ ਪ੍ਰੋਜੈਕਟ ਲਈ ਵੇਲਜ਼ ਵਿੱਚ ਸਥਿਤ ਭਾਰਤੀ ਵਿਰਾਸਤੀ ਕਲਾਕਾਰਾਂ ਦੀ ਤਲਾਸ਼ ਕਰ ਰਿਹਾ ਹੈ।

**ਬ੍ਰਿਟਿਸ਼ ਕੌਂਸਲ ਦੁਆਰਾ ਫੰਡ ਪ੍ਰਾਪਤ, ਇਹ ਪ੍ਰੋਜੈਕਟ ਵੇਲਜ਼ ਵਿੱਚ ਭਾਰਤੀ ਵਿਰਾਸਤ ਦਿਆਂ ਕਲਾਕਾਰਾਂ ਨੂੰ ਹੈਦਰਾਬਾਦ ਵਿੱਚ ਮੌਜੂਦ ਕਲਾਕਾਰਾਂ ਦੇ ਨਾਲ ਮਿਲਕੇ ਲੈਕੇ ਆਏਗਾ, ਇੱਕ ਅਜਿਹੇ ਸਹਿਯੋਗ ਵਿੱਚ ਜੋ ਕਿ ਨੌਜਵਾਨ ਸਰੋਤਿਆਂ ਲਈ ਨਵੀਂ ਕਲਾ ਦੀ ਸਿਰਜਣਾ ਦੀ ਖੋਜ ਦੀ ਤਲਾਸ਼ ਕਰਦਾ ਹੈ।**

Theatr Iolo ਵੇਲਜ਼ ਵਿੱਚ ਭਾਰਤੀ ਪ੍ਰਵਾਸੀ ਭਾਈਚਾਰੇ ਦਿਆਂ ਅਭਿਆਸੀਆਂ ਨਾਲ ਮੁਲਾਕਾਤ ਕਰਨਾ ਚਾਹੁੰਦਾ ਹੈ ਜੋ ਆਪਣੇ ਕਰੀਅਰ ਦੇ ਕਿਸੇ ਵੀ ਪੜਾਅ 'ਤੇ ਪਰਫਾਰਮਿੰਗ ਆਰਟਸ ਵਿੱਚ ਕੰਮ ਕਰ ਰਹੇ ਹਨ। ਅਸੀਂ ਹੈਦਰਾਬਾਦ ਵਿਖੇ ਸਥਿਤ ਆਪਣੇ ਸਬੰਧਤ ਕਲਾਕਾਰਾਂ ਨਾਲ ਸੰਭਾਵੀ ਸਹਿਯੋਗ ਬਾਰੇ ਚਰਚਾ ਕਰਨ ਲਈ ਲੇਖਕਾਂ, ਡਿਜ਼ਾਈਨਰਾਂ, ਡਾਂਸਰਾਂ, ਕੋਰੀਓਗ੍ਰਾਫਰਾਂ, ਸੰਗੀਤਕਾਰਾਂ, ਕੰਪੋਜ਼ਰਾਂ, ਨਿਰਦੇਸ਼ਕਾਂ ਅਤੇ ਡੀਵਾਈਜ਼ਰਾਂ ਨਾਲ ਸੰਪਰਕ ਕਰਨ ਵਿੱਚ ਰੁਚੀ ਰੱਖਦੇ ਹਾਂ।

COVID-19 ਦੇ ਕਾਰਨ, ਇਹ ਸ਼ੁਰੂਆਤੀ ਗੱਲਬਾਤ ਵਰਚੁਅਲ ਤੌਰ 'ਤੇ ਕੀਤੀ ਜਾਵੇਗੀ। ਜਦੋਂ ਪ੍ਰੋਜੈਕਟ ਵਿੱਚ ਹਿੱਸਾ ਲੈਣ ਲਈ ਕਲਾਕਾਰਾਂ ਦੀ ਚੋਣ ਕੀਤੀ ਜਾਂਦੀ ਹੈ, ਤਾਂ ਕਲਾਕਾਰ (Theatr Iolo ਦੇ ਕਲਾਤਮਕ ਨਿਰਦੇਸ਼ਕ ਦੇ ਨਾਲ) ਮਿਲ ਕੇ ਕੰਮ ਕਰਨਾ ਸ਼ੁਰੂ ਕਰਨ ਲਈ ਵਰਚੁਅਲ ਤੌਰ 'ਤੇ ਮੁਲਾਕਾਤ ਕਰਨਗੇ। Theatr Iolo ਨੂੰ ਉਮੀਦ ਹੈ ਕਿ ਭਾਰਤ ਅਤੇ ਵੇਲਜ਼ ਦੇ ਕਲਾਕਾਰ ਅਜੇ ਵੀ ਭਵਿੱਖ ਵਿੱਚ ਕਿਸੇ ਸਮੇਂ ਇੱਕੋ ਜਗ੍ਹਾ 'ਤੇ ਇਕੱਠੇ ਮਿਲਣ ਦੇ ਯੋਗ ਹੋਣਗੇ। ਲੰਬੇ ਸਮੇਂ ਦਾ ਟੀਚਾ ਇੱਕ ਅਜਿਹਾ ਸ਼ੋਅ ਤਿਆਰ ਕਰਨ ਲਈ ਫੰਡਾਂ ਨੂੰ ਸੁਰੱਖਿਅਤ ਕਰਨਾ ਹੈ ਜੋ ਦੋਹਾਂ ਦੇਸ਼ਾਂ ਦੇ ਦੌਰੇ ਲਈ ਢੁਕਵਾਂ ਹੈ।

Theatr Iolo ਕਈ ਵਰਗਾਂ ਦਿਆਂ ਕਲਾਕਾਰਾਂ ਨਾਲ ਮੁਲਾਕਾਤ ਕਰਨਾ ਚਾਹੁੰਦਾ ਹੈ, ਇਸਲਈ ਕਿਰਪਾ ਕਰਕੇ ਸੰਪਰਕ ਕਰੋ ਜੇਕਰ ਤੁਸੀਂ ਇਸ ਪ੍ਰੋਜੈਕਟ ਦਾ ਇੱਕ ਹਿੱਸਾ ਬਣਨਾ ਚਾਹੁੰਦੇ ਹੋ। ਬੱਚਿਆਂ ਲਈ ਥੀਏਟਰ ਤਿਆਰ ਕਰਨ ਦਾ ਪਹਿਲਾਂ ਤੋਂ ਤਜ਼ੁਰਬਾ ਹੋਣਾ ਜ਼ਰੂਰੀ ਨਹੀਂ ਹੈ, ਹਾਲਾਂਕਿ ਇਹਨਾਂ ਸਰੋਤਿਆਂ ਲਈ ਕੰਮ ਕਰਨ ਵਿੱਚ ਇੱਛਾ ਅਤੇ ਰੁਚੀ ਜ਼ਰੂਰੀ ਹੈ।

ਜੇਕਰ ਤੁਸੀਂ ਵੇਲਜ਼ ਵਿੱਚ ਸਥਿਤ ਇੰਡੀਅਨ ਹੈਰੀਟੇਜ ਦੇ ਇੱਕ ਕਲਾਕਾਰ ਹੋ ਅਤੇ ਪ੍ਰੋਜੈਕਟ ਬਾਰੇ ਸਾਡੇ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ hello@theatriolo.com 'ਤੇ ਈਮੇਲ ਕਰੋ।

ਦਿਲਚਸਪੀ ਵਿਅਕਤੀ ਕਰਨ ਲਈ ਅੰਤਮ ਮਿਤੀ: ਸ਼ੁੱਕਰਵਾਰ 31 ਜੁਲਾਈ 2020

**ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:**

**Theatr Iolo**
**ਟੈਲੀਫੋਨ: 029 2061 3782**
**ਈਮੇਲ: hello@theatriolo.com**

**ਸੰਪਾਦਕ ਦੇ ਨੋਟਸ:**

**THEATR IOLO**
Theatr Iolo ਇੱਕ ਪੁਰਸਕਾਰ ਵਿਜੇਤਾ ਥੀਏਟਰ ਕੰਪਨੀ ਹੈ, ਜੋ ਕਿ ਤੀਹ ਸਾਲਾਂ ਤੋਂ ਬੱਚਿਆਂ ਅਤੇ ਨੌਜਵਾਨਾਂ ਲਈ ਥੀਏਟਰ ਜਗਤ ਵਿੱਚ ਸਭ ਤੋਂ ਮੋਹਰੀ ਬਣਿਆ ਹੋਇਆ ਹੈ। ਨਿਆਣਿਆਂ, ਬੱਚਿਆਂ, ਕਿਸ਼ੋਰਾਂ, ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੇਲਜ਼, ਯੂਕੇ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹਰ ਤਰਾਂ ਦੀਆਂ ਥਾਵਾਂ 'ਤੇ ਕੰਪਨੀ ਦਿਆਂ ਪ੍ਰਦਰਸ਼ਨਾਂ, ਵਰਕਸ਼ਾਪਾਂ ਅਤੇ ਪ੍ਰੋਡਕਸ਼ਨਾਂ ਦਾ ਅਨੰਦ ਲਿਆ ਹੈ।

ਅਸੀਂ ਬੇਮਿਸਾਲ ਅਨੁਭਵ ਪੇਸ਼ ਕਰਦੇ ਹਾਂ ਜੋ ਕਿ ਹਰ ਉਮਰ ਅਤੇ ਪਿਛੋਕੜ ਵਾਲੇ ਬੱਚਿਆਂ ਲਈ ਉੱਤੇਜਕ, ਹੈਰਾਨੀਜਨਕ ਅਤੇ ਸਾਰਥਕ ਹੁੰਦੇ ਹਨ, ਜਿਹਨਾਂ ਨਾਲ ਬੱਚਿਆਂ ਨੂੰ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਦੁਨੀਆਂ ਨੂੰ ਸਮਝਣ ਵਿੱਚ ਅਤੇ ਉਸ ਵਿੱਚ ਆਪਣੀ ਜਗ੍ਹਾ ਬਾਰੇ ਜਾਣਨ ਵਿੱਚ ਮਿਲਦੀ ਹੈ।

ਅਸੀਂ ਅੰਗਰੇਜ਼ੀ ਅਤੇ ਵੈਲਸ਼ ਦੋਹੇਂ ਭਾਸ਼ਾਵਾਂ ਵਿੱਚ ਰਚਣਾਤਮਕਤਾ ਅਤੇ ਕਲਪਨਾ ਨੂੰ ਉਤਸ਼ਾਹਤ ਕਰਨ ਲਈ ਕਿਸੇ ਦੇਸ਼, ਯੂਕੇ ਬੱਚਿਆਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬਿਹਤਰੀਨ ਕਲਾਕਾਰਾਂ ਅਤੇ ਲੇਖਕਾਂ ਨਾਲ ਮਿਲ ਕੇ ਬੱਚਿਆਂ ਅਤੇ ਨੌਜਵਾਨਾਂ ਲਈ ਸਭ ਤੋਂ ਉੱਤਮ ਕੰਮ ਤਿਆਰ ਅਤੇ ਪੇਸ਼ ਕਰਦੇ ਹਾਂ।

www.theatriolo.com

**ਸੱਭਿਆਚਾਰ ਰਾਹੀਂ ਸਬੰਧ: ਇੰਡੀਆ ਵੇਲਜ਼** Theatr Iolo ਅਤੇ ਭਾਰਤ ਵਿੱਚ ਹੈਦਰਾਬਾਦ ਚਿਲਡਰਨਜ਼ ਥੀਏਟਰ ਫੈਸਟੀਵਲ ਵਿਚਾਕਾਰ ਇੱਕ ਸਹਿਕਾਰਜਤਾ ਹੈ। ਕੁੱਝ ਹਿੱਸੇ ਦਾ ਵਿੱਤ ਪੋਸ਼ਣ ਬ੍ਰਿਟਿਸ਼ ਕੌਂਸਲ ਦੁਆਰਾ ਕੀਤਾ ਜਾਂਦਾ ਹੈ।

ਸੱਭਿਆਚਾਰ ਰਾਹੀਂ ਸਬੰਧਾਂ ਦੇ ਟੀਚੇ: ਇੰਡੀਆ ਵੇਲਜ਼ ਦਾ ਤਿੰਨ ਸਾਲਾ ਅੰਤਰਰਾਸ਼ਟਰੀ ਪ੍ਰੋਗਰਾਮ ਇਸਲਈ ਸੀ;

- ਭਾਰਤ ਅਤੇ ਵੇਲਜ਼ ਵਿਚਕਾਰ ਸਥਾਈ ਸਬੰਧਾਂ ਦੀ ਮਦਦ ਕਰਨ ਲਈ ਕਲਾਕਾਰਾਂ ਅਤੇ ਤਿਉਹਾਰਾਂ ਵਿਚਕਾਰ ਦਿਲਚਸਪ ਸਹਿਯੋਗ ਅਤੇ ਕਲਾਤਮਕ ਨਤੀਜਿਆਂ ਦਾ ਵਿਕਾਸ ਕਰਨਾ।
- ਭਾਰਤ ਅਤੇ ਵੇਲਜ਼ ਵਿੱਚ ਕਲਾਕਾਰਾਂ ਅਤੇ ਤਿਉਹਾਰਾਂ ਨੂੰ ਮਦਦ, ਸੂਚਨਾ, ਸਲਾਹ, ਨੈੱਟਵਰਕਿੰਗ ਦੇ ਮੌਕੇ ਪੇਸ਼ ਕਰਨਾ ਅਤੇ ਗ੍ਰਾਂਟ ਵਿਕਸਤ ਕਰਨਾ।
- ਭਾਰਤ ਦੀ ਵਿਵਿਧਤਾ ਅਤੇ ਸ਼ੁਰੂਆਤ ਵਿੱਚ ਵੇਲਜ਼ ਦੇ ਨਾਲ ਰਚਣਾਤਮਕ ਹਿੱਸੇਦਾਰੀਆਂ 'ਤੇ ਧਿਆਨ ਕੇਂਦਰਤ ਕਰਨ ਵਾਲੀਆਂ ਯੂਕੇ ਦੀਆਂ ਵਿਕਸਤ ਕੌਮਾਂ ਵੱਲ ਧਿਆਨ ਦਿੰਦਿਆਂ, ਭਾਰਤ ਅਤੇ ਵੇਲਜ਼ ਵਿੱਚ ਕਲਾਕਾਰਾਂ ਅਤੇ ਤਿਉਹਾਰਾਂ ਵਿਚਕਾਰ ਰਚਣਾਤਮਕ ਕੁਸ਼ਲਤਾਵਾਂ ਅਤੇ ਸਮਰੱਥਾ ਦੇ ਵਿਕਾਸ ਨੂੰ ਜੋੜਨਾ।

Theatr Iolo ਅਤੇ ਹੈਦਰਾਬਾਦ ਚਿਲਡਰਨਜ਼ ਫੈਸਟੀਵਲ ਦੇ ਟੀਚੇ ਇਹ ਸਨ;

- ਬੱਚਿਆਂ ਦੇ ਉੱਚ ਪੱਧਰੀ ਥੀਏਟਰ ਪ੍ਰੋਡਕਸ਼ਨ ਤਿਆਰ ਕਰਨ ਅਤੇ ਸਹਿਯੋਗ ਲਈ ਇੱਕ ਮਾਡਲ ਸਥਾਪਤ ਕਰਨ ਲਈ ਹੈਦਰਾਬਾਦ ਵਿੱਚ ਹੁਨਰ ਸਾਂਝੇ ਕਰਨਾ, ਵਰਕਸ਼ਾਪਾਂ ਆਯੋਜਿਤ ਕਰਨਾ ਅਤੇ ਥੀਏਟਰ ਸਮੂਹਾਂ ਅਤੇ ਵਿਅਕਤੀਗਤ ਅਭਿਆਸੀਆਂ ਨੂੰ ਉਤਸ਼ਾਹਤ ਕਰਨਾ।
- ਲੰਬੇ ਸਮੇਂ ਵਿੱਚ ਘੱਟੋ-ਘੱਟ ਇੱਕ ਚਿਲਡਰਨ ਥੀਏਟਰ ਪ੍ਰਦਰਸ਼ਨ ਨੂੰ ਵਿਕਸਤ ਅਤੇ ਸਹਿਯੋਗ ਕਰਨਾ ਜੋ ਕਿ ਤਿਉਹਾਰ ਵਿੱਚ ਪ੍ਰਦਰਸ਼ਿਤ ਕੀਤਾ ਜਾਵੇਗਾ ਅਤੇ ਵੇਲਜ਼ ਵਿੱਚ ਭਾਰਤੀ ਪ੍ਰਵਾਸੀ ਭਾਈਚਾਰਿਆਂ ਨਾਲ ਸਾਂਝਾ ਕੀਤਾ ਜਾਵੇਗਾ।

ਇਹ ਪ੍ਰੋਜੈਕਟ ਭਾਰਤ ਅਤੇ ਵੇਲਜ਼ ਵਿੱਚ Theatr Iolo ਅਤੇ ਹੈਦਰਾਬਾਦ ਚਿਲਡਰਨਜ਼ ਫੈਸਟੀਵਲ ਅਤੇ ਕਲਾਕਾਰਾਂ ਵਿਚਕਾਰ ਇੱਕ ਸਹਿਯੋਗੀ ਪ੍ਰਕਿਰਿਆ ਬਣਨ 'ਤੇ ਕੇਂਦਰਤ ਹੈ। ਸਥਾਨਕ ਪ੍ਰਦਰਸ਼ਨਕਾਰੀ ਕਲਾਵਾਂ ਦੀ ਚੰਗੀ ਜਾਣਕਾਰੀ ਦੇ ਨਾਲ, ਹੈਦਰਾਬਾਦ ਚਿਲਡਰਨਜ਼ ਥੀਏਟਰ ਫੈਸਟੀਵਲ ਇੱਕ ਅਜਿਹੀ ਪ੍ਰੋਡਕਸ਼ਨ ਵਿਕਸਤ ਕਰਨ ਲਈ ਵਿਵਿਧ ਥੀਏਟਰ ਸਿਖਲਾਈ ਤੋਂ ਭਾਰਤੀ ਥੀਏਟਰ ਸਮੂਹਾਂ ਨਾਲ ਸਾਰਥਕ ਸੱਭਿਆਚਾਰਕ ਵਟਾਂਦਰੇ ਵਿੱਚ ਮਦਦ ਕਰੇਗਾ ਜੋ ਕਿ ਸੰਭਾਵਤ ਤੌਰ 'ਤੇ ਦੋਹਾਂ ਦੇਸ਼ਾਂ ਦਾ ਦੌਰਾ ਕਰ ਸਕੇ। ਭਾਰਤੀ ਪ੍ਰਵਾਸੀ ਭਾਈਚਾਰੇ ਦੇ ਨਾਲ-ਨਾਲ

ਵੇਲਜ਼ ਅਤੇ ਭਾਰਤ ਵਿੱਚ ਇਸ ਕੰਮ ਨੂੰ ਤਿਆਰ ਕਰਕੇ, Theatr Iolo ਨੂੰ ਉਮੀਦ ਹੈ ਕਿ ਉਹ ਵੇਲਜ਼ ਵਿੱਚ ਆਪਣੇ ਸਰੋਤਿਆਂ ਨੂੰ ਵਿਵਿਧ ਕਰਨ ਲਈ ਸਾਡੀ ਨਿਰੰਤਰ ਵਚਨਬੱਧਤਾ ਦਾ ਸਮਰਥਨ ਕਰੇਗਾ।